# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 07.03.2018 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਸੰਯਮ ਅਗਰਵਾਲ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ
ਡਿਪਟੀ ਮੇਅਰ

ਸ਼੍ਰੀ ਹਰਮੰਦਰ ਸਿੰਘ, ਕੌਂਸਲਰ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀ ਨਿਰਮਲ ਸਿੰਘ ਸੰਧੂ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>77</td><td>ਏਜੰਡਾ ਨੰ: 1<br><br>ਮੀਟਿੰਗ ਮਿਤੀ 05.12.2017 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 05.12.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>78</td><td>ਏਜੰਡਾ ਨੰ: 2<br><br>ਰਿਪੋਰਟ ਵਰਕਸ ਸ਼ਾਖਾ ਕਿ ਮੇਨ ਡਿਸਪੋਜ਼ਲ ਲਈ 90 ਬੀ.ਐਚ.ਪੀ. ਅਤੇ 100 ਬੀ.ਐਚ.ਪੀ. ਪੰਪ ਖਰੀਦ ਕਰਨ ਦੇ ਮੁਬਲਿਗ 16.25 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 22.12.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਸ਼ਕਤੀ ਇੰਜਨੀਅਰਿੰਗ ਕੰਪਨੀ, ਬਠਿੰਡਾ</td><td>+13.50%</td><td>1844375/-</td></tr>
<tr><td>2.</td><td>ਬਾਂਸਲ ਬ੍ਰਾਦਰਜ਼, ਬਠਿੰਡਾ</td><td>-7.50%</td><td>1503125/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਬਾਂਸਲ ਬ੍ਰਾਦਰਜ਼ ਬਠਿੰਡਾ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 16.25 ਲੱਖ ਰੁਪਏ ਦੇ ਮੁਕਾਬਲੇ 1503125/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ "Only two tenders have been received. The required pumps are urgent. May be sent to F&CC for consideration. The lowest of the two tenders is -7.50% from the estimate amount. ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪਾਸ ਕੀਤਾ ਜਾਂਦਾ ਹੈ ਕਿ ਟੈਂਡਰ ਪਾਉਣ ਵਾਲੀਆਂ ਦੋਹਾਂ ਫਰਮਾਂ ਵੱਲੋਂ ਪੇਸ਼ ਕੀਤੇ ਪੰਪਾਂ ਦੇ ਆਥੋਰਾਇਜ਼ਡ ਡੀਲਰ ਹੋਣ ਸਬੰਧੀ ਕੋਈ ਸਰਟੀਫਿਕੇਟ ਨਹੀਂ ਲਗਾਇਆ ਗਿਆ। ਕੇਵਲ ਕੰਪਨੀ ਵੱਲੋਂ ਜਾਰੀ ਇੱਕ ਫੋਟੋਸਟੇਟ ਕਾਪੀ ਲਗਾਈ ਗਈ ਹੈ, ਜਿਸ ਵਿੱਚ ਪਾਰਟੀਆਂ ਨੂੰ ਕੰਪਨੀ ਲਈ ਟੈਂਡਰ ਪਾਉਣ ਦੀ ਅਥਾਰਟੀ ਦਿੱਤੀ ਗਈ ਹੈ। ਇਸ ਲਈ ਦੋ ਦਿਨਾਂ ਅੰਦਰ ਅਸਲ ਆਥੋਰਾਇਜ਼ਡ ਡੀਲਰਸ਼ਿਪ ਦੇ ਸਰਟੀਫਿਕੇਟ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਨੂੰ ਦਿਖਾ ਕੇ ਤਸਦੀਕ ਕਰਵਾਏ ਜਾਣ। ਅਗਲਾ ਫੈਸਲਾ ਮੈਂਬਰ ਸਾਹਿਬਾਨ ਦੇ ਹੁਕਮਾਂ ਅਨੁਸਾਰ ਕੀਤਾ ਜਾਵੇਗਾ।</td></tr>
<tr><td>3</td><td>79</td><td>ਏਜੰਡਾ ਨੰ: 3<br><br>ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਆਫ ਸੀਮਿੰਟ ਫਾਰ ਐਮ.ਸੀ. ਸਟੋਰ (ਅੰਬੂਜਾ, ਜੇ.ਕੇ. ਸ਼੍ਰੀ, ਅਲਟਰਾ ਟੈਕ) ਦੇ ਮੁਬਲਿਗ 3.70 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 27.12.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਸੋਲੀਟੇਅਰ ਪ੍ਰੌਫੈਸ਼ਨਲ</td><td>-2.20%</td><td>361860/-</td></tr>
<tr><td>2.</td><td>ਦਵਿੰਦਰ ਕੁਮਾਰ ਠੇਕੇਦਾਰ</td><td>+2.00%</td><td>377400/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਸੋਲੀਟੇਅਰ ਪ੍ਰੌਫੈਸ਼ਨਲ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 3.70 ਲੱਖ ਰੁਪਏ ਦੇ ਮੁਕਾਬਲੇ 361860/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ "F&CC during earlier tender call had resolved to recall the tender. Now two tenders have been received. May be sent to F&CC for consideration. ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸੀਮਿੰਟ ਦੀ ਖਰੀਦ ਕਰਨ ਉਪਰੰਤ ਸਟੋਰ ਵਿੱਚ ਜਮਾਂ ਕਰਨ ਤੋਂ ਪਹਿਲਾਂ ਸ੍ਰ: ਨਿਰਮਲ ਸਿੰਘ ਸੰਧੂ, ਮੈਂਬਰ ਐਫ.ਐਂਡ ਸੀ.ਸੀ. ਅਤੇ ਸਬੰਧਤ ਨਿਗਮ ਇੰਜੀਨੀਅਰ ਵੱਲੋਂ ਸੀਮਿੰਟ ਦੀ ਮਾਤਰਾ ਅਤੇ ਗੁਣਵੱਤਾ ਦੀ ਜਾਂਚ ਕੀਤੀ ਜਾਵੇਗੀ।ਸਪਲਾਈ ਲੈਣ ਉਪਰੰਤ ਸ਼੍ਰੀ ਮੱਖਣ ਲਾਲ ਬਾਂਸਲ, ਸੁਪਰਡੈਂਟ ਵੱਲੋਂ ਇਹਨਾਂ ਮੈਂਬਰਾਂ ਨੂੰ ਜਾਣੂ ਕਰਵਾਇਆ ਜਾਵੇਗਾ।</td></tr>
<tr><td>4</td><td>80</td><td>ਏਜੰਡਾ ਨੰ: 4<br>ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਆਫ ਰੋਡ ਗੁਲੀ ਕਵਰ ਫਰੇਮ ਫਾਰ ਐਮ.ਸੀ. ਸਟੋਰ ਦੇ ਮੁਬਲਿਗ 9.38 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 27.12.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ</td><td></td></tr>
</table>

<table>
<tr>
<td></td>
<td></td>
<td>ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ (ਰੁਪਏ)</td></tr>
<tr><td>1.</td><td>ਐਸਪਨ ਸੀਮਿੰਟ ਪ੍ਰਾਡਕਟਸ</td><td>-16.15%</td><td>786513/-</td></tr>
<tr><td>2.</td><td>ਦਵਿੰਦਰ ਕੁਮਾਰ ਠੇਕੇਦਾਰ</td><td>-30.71%</td><td>649940/-</td></tr>
<tr><td>3.</td><td>ਸੰਨੀ ਇੰਡਸਟਰੀਜ਼, ਮਾਨਸਾ</td><td>-10.51%</td><td>839416/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦਵਿੰਦਰ ਕੁਮਾਰ, ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 9.38 ਲੱਖ ਰੁਪਏ ਦੇ ਮੁਕਾਬਲੇ 649940/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।ਮਜ਼ੀਦ ਪਾਸ ਕੀਤਾ ਗਿਆ ਕਿ ਰੋਡ ਗੁਲੀ ਕਵਰ ਫਰੇਮ ਦੀ ਖਰੀਦ ਕਰਨ ਉਪਰੰਤ ਸਟੋਰ ਵਿੱਚ ਜਮਾਂ ਕਰਨ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ, ਸ਼੍ਰੀ ਨਿਰਮਲ ਸਿੰਘ ਸੰਧੂ, ਮੈਂਬਰ ਐਫ.ਐਂਡ ਸੀ.ਸੀ. ਅਤੇ ਸਬੰਧਤ ਨਿਗਮ ਇੰਜੀਨੀਅਰ ਵੱਲੋਂ ਰੋਡ ਗੁਲੀ ਕਵਰ ਫਰੇਮ ਦੀ ਮਾਤਰਾ ਅਤੇ ਗੁਣਵੱਤਾ ਦੀ ਜਾਂਚ ਕੀਤੀ ਜਾਵੇਗੀ। ਸਪਲਾਈ ਲੈਣ ਉਪਰੰਤ ਸ਼੍ਰੀ ਮੱਖਣ ਲਾਲ ਬਾਂਸਲ, ਸੁਪਰਡੈਂਟ ਵੱਲੋਂ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਜਾਵੇਗਾ।</td>
</tr>
<tr>
<td></td>
<td></td>
<td><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-</u></td>
<td></td>
</tr>
<tr>
<td>1</td>
<td>81</td>
<td><u>ਏਜੰਡਾ ਨੰ: 1</u><br>
ਰਿਪੋਰਟ ਵਰਕਸ ਸ਼ਾਖਾ ਕਿ ਡਿਵੈਲਪਮੈਂਟ ਆਫ ਪਾਰਕ ਐਟ ਬਖਸ਼ੀ ਰੋਡ ਵਾਰਡ ਨੰਬਰ 17 ਦੇ ਮੁਬਲਿਗ 5.32 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 22.12.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ (ਰੁਪਏ)</td></tr>
<tr><td>1.</td><td>ਦੀ ਅਵਾਮੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-20.99%</td><td>420333/-</td></tr>
<tr><td>2.</td><td>ਦੀ ਜੈ ਹਿੰਦ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-10.25%</td><td>477470/-</td></tr>
<tr><td>3.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-13.75%</td><td>458850/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦੀ ਅਵਾਮੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 5.32 ਲੱਖ ਰੁਪਏ ਦੇ ਮੁਕਾਬਲੇ 420333/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਹ ਰੇਟ ਤਖਮੀਨੇ ਤੋਂ ਘੱਟ ਅਤੇ ਵਾਜ਼ਿਬ ਹਨ। ਰੇਟ ਪਾਸ ਕਰਨ ਦੀ ਪਾਵਰ ਵਿੱਤ ਤੇ ਠੇਕਾ ਕਮੇਟੀ ਨਗਰ ਨਿਗਮ ਪਾਸ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
</table>

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**